# ਕਰਮਚਾਰੀਆਂ ਲਈ ਨੋਟਿਸ:

Employment Development Department
State of California



**ਇਹ ਮਾਲਕ ਰੁਜ਼ਗਾਰ ਵਿਕਾਸ ਵਿਭਾਗ (EDD) ਨਾਲ ਰਜਿਸਟਰਡ ਹੈ ਜਿਵੇਂ ਕਿ ਕੈਲੀਫੋਰਨੀਆ ਬੇਰੁਜ਼ਗਾਰੀ ਬੀਮੇ ਦੀ ਨਿਯਮਾਵਲੀ ਅਨੁਸਾਰ ਲੁੜੀਂਦਾ ਹੈ ਅਤੇ ਇਹ ਤਨਖਾਹ ਕ੍ਰੈਡਿਟਾਂ ਦੀ ਰਿਪੋਰਟ EDD ਨੂੰ ਦਿੰਦਾ ਹੈ ਜੋ ਹੇਠ ਲਿਖਿਆਂ ਦੇ ਆਧਾਰ ਲਈ ਵਰਤੇ ਜਾਣ ਲਈ ਤੁਹਾਡੇ ਲਈ ਇਕੱਠੇ ਕੀਤੇ ਜਾ ਰਹੇ ਹਨ:**

## UI

## ਬੇਰੁਜ਼ਗਾਰੀ ਬੀਮਾ

(ਪੂਰੀ ਤਰ੍ਹਾਂ ਮਾਲਕਾਂ ਦੇ ਟੈਕਸਾਂ ਨਾਲ ਭੁਗਤਾਨ ਕੀਤਾ ਜਾਂਦਾ ਹੈ)

ਬੇਰੁਜ਼ਗਾਰੀ ਬੀਮੇ (UI) ਦਾ ਭੁਗਤਾਨ ਤੁਹਾਡੇ ਮਾਲਕ ਦੁਆਰਾ ਕੀਤਾ ਜਾਂਦਾ ਹੈ ਅਤੇ ਤੁਹਾਡੇ ਬੇਰੁਜ਼ਗਾਰ ਹੋਣ ਜਾਂ ਤੁਹਾਡੀ ਕਿਸੇ ਗਲਤੀ ਬਿਨਾਂ ਤੁਹਾਡੇ ਕੰਮ ਦੇ ਘੰਟਿਆਂ ਦੇ ਘੱਟ ਜਾਣ ਦੇ ਸਮੇਂ ਦੌਰਾਨ ਕੁਝ ਕੁ ਆਮਦਨੀ ਦਾ ਸਾਧਨ ਬਣਦਾ ਹੈ। UI ਲਾਭ ਦੀ ਰਕਮ ਦਾ ਦਾਅਵਾ ਕਰਨ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ UI ਯੋਗਤਾ ਦੀਆਂ ਸਾਰੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਹੋਵੇਗਾ ਜਿਸ ਵਿੱਚ ਤੁਹਾਡਾ ਕੰਮ ਲਈ ਉਪਲਬਧ ਹੋਣਾ ਅਤੇ ਤੁਹਾਡੇ ਦੁਆਰਾ ਕੰਮ ਲੱਭਦੇ ਹੋਣਾ ਸ਼ਾਮਲ ਹੈ।

**ਨਵਾਂ UI ਦਾਅਵਾ ਕਿਵੇਂ ਦਰਜ ਕਰਨਾ ਹੈ**

**ਹੇਠ ਲਿਖਿਆਂ ਵਿੱਚੋਂ ਕੋਈ ਇੱਕ ਤਰੀਕਾ ਵਰਤੋ:**

- **ਔਨਲਾਈਨ:** ਆਪਣੇ UI ਦਾਅਵੇ ਨੂੰ ਦਰਜ ਕਰਨ ਲਈ UI Online[SM] ਸਭ ਤੋਂ ਤੇਜ਼ ਅਤੇ ਸਭ ਤੋਂ ਸੌਖਾ ਤਰੀਕਾ ਹੈ। ਸ਼ੁਰੂ ਕਰਨ ਲਈ **www.edd.ca.gov/UI_Online** ਵਿਜ਼ਿਟ ਕਰੋ।
- **ਫ਼ੋਨ:** ਪ੍ਰਤੀਨਿਧੀ ਹੇਠ ਲਿਖੇ ਟੋਲ-ਫ੍ਰੀ ਨੰਬਰਾਂ 'ਤੇ, ਸਰਕਾਰੀ ਛੁੱਟੀਆਂ ਤੋਂ ਇਲਾਵਾ ਸੋਮਵਾਰ ਤੋਂ ਸ਼ੁਕਰਵਾਰ **ਸਵੇਰੇ 8 ਵਜੋਂ ਤੋਂ ਦੁਪਹਿਰ 12 ਵਜੇ ਤੱਕ** (ਪੈਸੀਫਿਕ ਸਟੈਂਡਰਡ ਟਾਈਮ) ਉਪਲਬਧ ਹਨ।

| | | | | | |
|---|---|---|---|---|---|
| **ਅੰਗ੍ਰੇਜ਼ੀ** | 1-800-300-5616 | **ਕੈਂਟੋਨੀਜ਼** | 1-800-547-3506 | **ਵਿਅਤਨਾਮੀ** | 1-800-547-2058 |
| **ਸਪੈਨਿਸ਼** | 1-800-326-8937 | **ਮੈਂਡਰਿਨ** | 1-866-303-0706 | TTY | 1-800-815-9387 |

- **ਫੈਕਸ ਜਾਂ ਮੇਲ:** ਨਵਾਂ ਕਲੇਮ ਦਰਜ ਕਰਨ ਲਈ UI ਔਨਲਾਈਨ ਖੋਲਣ ਵੇਲੇ, ਕੁਝ ਗਾਹਕਾਂ ਨੂੰ ਆਪਣੀ UI ਅਰਜ਼ੀ EDD ਨੂੰ ਫੈਕਸ ਜਾਂ ਮੇਲ ਰਾਹੀਂ ਭੇਜਣ ਲਈ ਕਿਹਾ ਜਾਏਗਾ। ਜੇ ਇਸ ਤਰ੍ਹਾਂ ਹੁੰਦਾ ਹੈ, ਤਾਂ *Unemployment Insurance Application*, DE 1101I, (ਬੇਰੁਜ਼ਗਾਰੀ ਬੀਮਾ ਅਰਜ਼ੀ) ਡਿਸਪਲੇ ਹੋ ਜਾਵੇਗੀ। ਹੋਰ ਤੇਜ਼ ਅਤੇ ਜ਼ਿਆਦਾ ਸੁਰੱਖਿਅਤ ਪ੍ਰੋਸੈਸਿੰਗ ਲਈ, ਫਾਰਮ ਉੱਤੇ ਦਿੱਤੇ ਗਏ ਨੰਬਰ 'ਤੇ ਪੂਰੇ ਕੀਤੇ ਗਏ ਫਾਰਮ ਨੂੰ ਫੈਕਸ ਕਰ ਦਓ। ਜੇਕਰ ਤੁਸੀਂ ਆਪਣੀ UI ਅਰਜ਼ੀ ਨੂੰ ਮੇਲ ਕਰ ਰਹੇ ਹੋ ਤਾਂ ਫਾਰਮ ਉੱਤੇ ਦਿੱਤੇ ਗਏ ਪਤੇ ਦੀ ਵਰਤੋਂ ਕਰੋ ਅਤੇ ਇਸਦੀ ਪ੍ਰੋਸੈਸਿੰਗ ਲਈ ਵਾਧੂ ਸਮਾਂ ਦਿਓ।

**ਮਹੱਤਵਪੂਰਨ:** ਆਪਣਾ UI ਦਾਅਵਾ ਦਰਜ ਕਰਨ ਲਈ ਇੰਤਜ਼ਾਰ ਕਰਨ ਨਾਲ ਲਾਭ ਦੀ ਰਕਮ ਪ੍ਰਾਪਤ ਹੋਣ ਵਿੱਚ ਦੇਰੀ ਹੋ ਸਕਦੀ ਹੈ।

## DI

## ਅਪਾਹਜਤਾ ਬੀਮਾ

(ਪੂਰੀ ਤਰ੍ਹਾਂ ਕਰਮਚਾਰੀਆਂ ਦੇ ਯੋਗਦਾਨ ਨਾਲ ਭੁਗਤਾਨ ਕੀਤਾ ਜਾਂਦਾ ਹੈ)

ਅਪਾਹਜਤਾ ਬੀਮੇ (DI) ਦਾ ਭੁਗਤਾਨ ਕਰਮਚਾਰੀਆਂ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ ਅਤੇ ਇਹ ਕੈਲੀਫੋਰਨੀਆ ਦੇ ਪਾਤਰ ਵਾਸੀਆਂ ਲਈ ਕੁਝ ਕੁ ਆਮਦਨੀ ਦਾ ਸਾਧਨ ਬਣਦਾ ਹੈ, ਜੋ ਕੰਮ ਨਾਲ ਸੰਬੰਧ ਨਾ ਰੱਖਦੀ ਹੋਈ ਬੀਮਾਰੀ, ਚੋਟ, ਗਰਭ, ਜਾਂ ਵਿਕਲਾਂਗਤਾ ਦੇ ਕਾਰਨ ਕੰਮ ਨਹੀਂ ਕਰ ਸਕਦੇ।

ਤੁਹਾਡੇ ਮਾਲਕ ਨੂੰ ਲਾਜ਼ਮੀ ਤੌਰ 'ਤੇ *Disability Insurance Provisions*, DE 2515 (ਅਪਾਹਜਤਾ ਬੀਮਾ ਨਿਯਮਾਂ) ਦਾ ਬ੍ਰੋਸ਼ਰ ਨਵੇਂ ਕਰਮਚਾਰੀਆਂ ਅਤੇ ਕੰਮ ਨਾਲ ਸੰਬੰਧ ਨਾ ਰੱਖਦੀ ਹੋਈ ਬੀਮਾਰੀ, ਚੋਟ, ਗਰਭ, ਜਾਂ ਵਿਕਲਾਂਗਤਾ ਦੇ ਕਾਰਨ ਕੰਮ ਨਾ ਕਰ ਸਕਣ ਵਾਲੇ ਹਰੇਕ ਕਰਮਚਾਰੀ ਲਈ ਮੁਹੱਈਆ ਕਰਵਾਉਣਾ ਚਾਹੀਦਾ ਹੈ।

**ਨਵਾਂ UI ਦਾਅਵਾ ਕਿਵੇਂ ਦਰਜ ਕਰਨਾ ਹੈ**

ਹੇਠ ਲਿਖਿਆਂ ਵਿੱਚੋਂ ਕੋਈ ਇੱਕ ਤਰੀਕਾ ਵਰਤੋ:

- **ਔਨਲਾਈਨ:** ਆਪਣੇ ਦਾਅਵੇ ਨੂੰ ਦਰਜ ਕਰਨ ਲਈ SDI ਔਨਲਾਈਨ ਸਭ ਤੋਂ ਤੇਜ਼ ਅਤੇ ਸਭ ਤੋਂ ਸੌਖਾ ਤਰੀਕਾ ਹੈ। ਸ਼ੁਰੂ ਕਰਨ ਲਈ **www.edd.ca.gov/SDI_Online** ਤੇ ਵਿਜ਼ਿਟ ਕਰੋ।
- **ਮੇਲ:** ਮੇਲ ਰਾਹੀਂ EDD ਕੋਲ ਦਾਅਵਾ ਦਰਜ ਕਰਨ ਲਈ, *Claim for Disability Insurance (DI) Benefits,* DE 2501 (ਅਪਾਹਜਤਾ ਬੀਮੇ (DI) ਦੇ ਲਾਭਾਂ ਲਈ ਦਾਅਵਾ) ਫਾਰਮ ਭਰੋ ਅਤੇ ਜਮ੍ਹਾਂ ਕਰਵਾਓ। ਤੁਸੀਂ ਆਪਣੇ ਮਾਲਕ, ਡਾਕਟਰ/ਪ੍ਰੈਕਟਿਸ਼ਨਰ ਤੋਂ ਜਾਂ ਰਾਜ ਦੇ ਅਪਾਹਜਤਾ ਬੀਮਾ ਦਫਤਰ ਨੂੰ ਔਨਲਾਈਨ **www.edd.ca.gov/Forms**, ਵਿਜ਼ਿਟ ਕਰਕੇ ਜਾਂ 1-800-480-3287 'ਤੇ ਕਾਲ ਕਰਕੇ ਕਾਗਜ਼ੀ ਦਾਅਵਾ ਫਾਰਮ ਪ੍ਰਾਪਤ ਕਰ ਸਕਦੇ ਹੋ।

**ਨੋਟ ਕਰੋ:** ਜੇਕਰ ਤੁਹਾਡਾ ਮਾਲਕ DI ਕਵਰ ਕਰਨ ਲਈ ਮੰਜ਼ੂਰ ਸਵੈ-ਇੱਛਤ ਯੋਜਨਾ ਦਾ ਪ੍ਰਬੰਧ ਰੱਖਦਾ ਹੈ, ਤਾਂ ਸਹਾਇਤਾ ਲਈ ਆਪਣੇ ਮਾਲਕ ਨਾਲ ਸੰਪਰਕ ਕਰੋ।

DI ਬਾਰੇ ਹੋਰ ਜਾਣਕਾਰੀ ਲਈ, **www.edd.ca.gov/disability** ਵਿਜ਼ਿਟ ਕਰੋਜਾਂ 1-800-480-3287 'ਤੇ ਕਾਲ ਕਰੋ।
ਰਾਜ ਸਰਕਾਰ ਦੇ ਕਰਮਚਾਰੀਆਂ ਨੂੰ 1-866-352-7675 'ਤੇ ਕਾਲ ਕਰਨਾ ਚਾਹੀਦਾ ਹੈ।
TTY (ਸਿਰਫ ਬੋਲੇ ਜਾਂ ਕੰਨਾਂ ਤੋਂ ਅਪਾਹਜ ਵਿਅਕਤੀਆਂ ਲਈ) 1-800-563-2441 'ਤੇ ਉਪਲਬਧ ਹੈ।

## PFL

## ਪੇਡ ਫੈਮਿਲੀ ਲੀਵ

(ਪੂਰੀ ਤਰ੍ਹਾਂ ਕਰਮਚਾਰੀਆਂ ਦੇ ਯੋਗਦਾਨ ਨਾਲ ਭੁਗਤਾਨ ਕੀਤਾ ਜਾਂਦਾ ਹੈ)

ਪੇਡ ਫੈਮਿਲੀ ਲੀਵ (PFL) ਦਾ ਭੁਗਤਾਨ ਕਰਮਚਾਰੀਆਂ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ ਅਤੇ ਇਹ ਕੈਲੀਫੋਰਨੀਆ ਦੇ ਪਾਤਰ ਵਾਸੀਆਂ ਲਈ ਕੁਝ ਕੁ ਆਮਦਨੀ ਦਾ ਸਾਧਨ ਬਣਦਾ ਹੈ, ਜਿਹਨਾਂ ਨੂੰ ਗੰਭੀਰ ਰੂਪ ਨਾਲ ਬੀਮਾਰ ਬੱਚੇ, ਮਾਂ-ਪਿਓ, ਸੱਸ/ਸਹੁਰੇ, ਦਾਦਾ/ਦਾਦੀ, ਪੋਤਾ/ਪੋਤੀ, ਭੈਣ/ਭਰਾ, ਪਤੀ/ਪਤਨੀ, ਜਾਂ ਰਜਿਸਟਰਡ ਡੋਮੈਸਟਿਕ ਪਾਰਟਨਰ ਦੀ ਦੇਖਭਾਲ ਕਰਨ ਲਈ ਅਸਥਾਈ ਤੌਰ 'ਤੇ ਕੰਮ ਤੋਂ ਹਟਣਾ ਪੈ ਰਿਹਾ ਹੈ। ਉਹਨਾਂ ਮਾਤਾ/ਪਿਤਾ ਲਈ ਵੀ ਲਾਭ ਮੌਜੂਦ ਹਨ ਜਿਹਨਾਂ ਨੂੰ ਜਨਮ, ਗੋਦ ਲੈਣ, ਜਾਂ ਫੋਸਟਰ ਕੇਅਰ ਪਲੇਸਮੇਂਟ ਦੇ ਰਾਹੀਂ ਪਰਿਵਾਰ ਵਿੱਚ ਸ਼ਾਮਲ ਹੋ ਰਹੇ ਨਵੇਂ ਬੱਚੇ ਨਾਲ ਸਾਂਝ ਪਾਉਣ ਲਈ ਅਸਥਾਈ ਤੌਰ 'ਤੇ ਕੰਮ ਤੋਂ ਹਟਣਾ ਪੈ ਰਿਹਾ ਹੈ।

ਤੁਹਾਡੇ ਮਾਲਕ ਨੂੰ ਲਾਜ਼ਮੀ ਤੌਰ 'ਤੇ *Paid Family Leave*, DE 2511 (ਪੇਡ ਫੈਮਿਲੀ ਲੀਵ) ਦਾ ਬ੍ਰੋਸ਼ਰ, ਨਵੇਂ ਕਰਮਚਾਰੀਆਂ ਅਤੇ ਗੰਭੀਰ ਰੂਪ ਨਾਲ ਬੀਮਾਰ ਕਿਸੇ ਪਰਿਵਾਰਕ ਮੈਂਬਰ ਦੀ ਦੇਖਭਾਲ ਕਰਨ ਵਾਲੇ ਜਾਂ ਨਵੇਂ ਬੱਚੇ ਨਾਲ ਸਾਂਝ ਪਾਉਣ ਲਈ ਕੰਮ ਤੋਂ ਅਸਥਾਈ ਤੌਰ 'ਤੇ ਹਟਣ ਵਾਲੇ ਹਰੇਕ ਕਰਮਚਾਰੀ ਲਈ ਮੁਹੱਈਆ ਕਰਵਾਉਣਾ ਚਾਹੀਦਾ ਹੈ।

**ਨਵਾਂ PFL ਦਾਅਵਾ ਕਿਵੇਂ ਦਰਜ ਕਰਨਾ ਹੈ**

ਹੇਠ ਲਿਖਿਆਂ ਵਿੱਚੋਂ ਕੋਈ ਇੱਕ ਤਰੀਕਾ ਵਰਤੋ:

- **ਔਨਲਾਈਨ:** ਆਪਣੇ ਦਾਅਵੇ ਨੂੰ ਦਰਜ ਕਰਨ ਲਈ SDI ਔਨਲਾਈਨ ਸਭ ਤੋਂ ਤੇਜ਼ ਅਤੇ ਸਭ ਤੋਂ ਸੌਖਾ ਤਰੀਕਾ ਹੈ। ਸ਼ੁਰੂ ਕਰਨ ਲਈ **www.edd.ca.gov/SDI_Online** ਵਿਜ਼ਿਟ ਕਰੋ।
- **ਮੇਲ:** ਮੇਲ ਰਾਹੀਂ EDD ਕੋਲ ਦਾਅਵਾ ਦਰਜ ਕਰਨ ਲਈ, *Claim for Paid Family Leave (PFL) Benefits,* DE 2501F (ਪੇਡ ਫੈਮਿਲੀ ਲੀਵ (PFL) ਦੇ ਲਾਭਾਂ ਲਈ ਦਾਅਵਾ) ਫਾਰਮ ਭਰੋ ਅਤੇ ਜਮ੍ਹਾਂ ਕਰਵਾਓ। ਤੁਸੀਂ ਆਪਣੇ ਮਾਲਕ, ਡਾਕਟਰ/ਪ੍ਰੈਕਟਿਸ਼ਨਰ ਤੋਂ ਜਾਂ ਰਾਜ ਦੇ ਅਪਾਹਜਤਾ ਬੀਮਾ ਦਫਤਰ ਨੂੰ ਔਨਲਾਈਨ **www.edd.ca.gov/Forms**, ਵਿਜ਼ਿਟ ਕਰਕੇ ਜਾਂ 1-877-238-4373 'ਤੇ ਕਾਲ ਕਰਕੇ ਕਾਗਜ਼ੀ ਦਾਅਵਾ ਫਾਰਮ ਪ੍ਰਾਪਤ ਕਰ ਸਕਦੇ ਹੋ।

**ਨੋਟ ਕਰੋ:** ਜੇਕਰ ਤੁਹਾਡਾ ਮਾਲਕ PFL ਕਵਰ ਕਰਨ ਲਈ ਮੰਜ਼ੂਰ ਸਵੈ-ਇੱਛਤ ਯੋਜਨਾ ਦਾ ਪ੍ਰਬੰਧ ਰੱਖਦਾ ਹੈ, ਤਾਂ ਸਹਾਇਤਾ ਲਈ ਆਪਣੇ ਮਾਲਕ ਨਾਲ ਸੰਪਰਕ ਕਰੋ।

PFL ਬਾਰੇ ਹੋਰ ਜਾਣਕਾਰੀ ਲਈ, **www.edd.ca.gov/disability** ਵਿਜ਼ਿਟ ਕਰੋ ਜਾਂ 1-877-238-4373 'ਤੇ ਕਾਲ ਕਰੋ।
ਰਾਜ ਸਰਕਾਰ ਦੇ ਕਰਮਚਾਰੀਆਂ ਨੂੰ 1-877-945-4747 'ਤੇ ਕਾਲ ਕਰਨਾ ਚਾਹੀਦਾ ਹੈ।
TTY (ਸਿਰਫ ਬੋਲੇ ਜਾਂ ਕੰਨਾਂ ਤੋਂ ਅਪਾਹਜ ਵਿਅਕਤੀਆਂ ਲਈ) 1-800-445-1312 'ਤੇ ਉਪਲਬਧ ਹੈ।

**ਨੋਟ ਕਰੋ:** ਕੁਝ ਕਰਮਚਾਰੀਆਂ ਨੂੰ ਉੱਪਰ ਦਿੱਤੇ ਹੋਏ ਬੀਮਾ ਪ੍ਰੋਗਰਾਮਾਂ ਦੁਆਰਾ ਕਵਰੇਜ ਤੋਂ ਛੋਟ ਮਿਲ ਸਕਦੀ ਹੈ। ਲਾਭਾਂ ਦਾ ਦਾਅਵਾ ਕਰਨ ਲਈ ਝੂਠ ਬੋਲਣਾ ਅਤੇ ਤੱਥਾਂ ਨੂੰ ਲਕੋਣਾ ਕਨੂੰਨੀ ਅਪਰਾਧ ਹੈ। ਵਾਧੂ ਆਮ ਜਾਣਕਾਰੀ ਲਈ, EDD ਦੀ ਵੈੱਬਸਾਈਟ **www.edd.ca.gov** ਤੇ ਵਿਜ਼ਿਟ ਕਰੋ।